# Punjab Government Gazette

## EXTRAORDINARY

***Published by Authority***

CHANDIGARH, WEDNESDAY, DECEMBER 31, 2025 (PAUSA 10, 1947 SAKA)

**ਪੰਜਾਬ ਸਰਕਾਰ**

ਸਥਾਨਕ ਸਰਕਾਰ ਵਿਭਾਗ ਪੰਜਾਬ, ਚੰਡੀਗੜ

(ਮਿਉਂਸਪਲ ਚੋਣਾਂ ਸ਼ਾਖਾ)

**ਅਧਿਸੂਚਨਾ**

ਮਿਤੀ 31 ਦਸੰਬਰ, 2025

**ਨੰਬਰ:04/14/ਹਲਕਾਬੰਦੀ(ਸ-1)/ਮਚਸ਼/2025/419.**-ਅਧਿਸੂਚਨਾ ਨੰ: 4/14/ਹਲਕਾਬੰਦੀ(ਸ-1)ਮਚਸ਼/2025/254 ਮਿਤੀ: 22-12-2025 ਦੀ ਨਿਰੰਤਰਤਾ ਵਿੱਚ ਪੰਜਾਬ ਮਿਉਂਸਪਲ ਐਕਟ, 1911 (ਪੰਜਾਬ ਐਕਟ 3 ਆਫ 1911) ਦੀ ਧਾਰਾ 240 (1)(ਬੀ) ਅਤੇ ਡਿਲੀਮੀਟੇਸ਼ਨ ਆਫ ਵਾਰਡਜ ਆਫ ਮਿਉਂਸਪੈਲਟੀਜ ਰੂਲਜ, 1972 ਦੇ ਰੂਲ 9 ਅਧੀਨ ਅਤੇ ਇਸ ਸਬੰਧ ਵਿਚ ਦੂਸਰੇ ਸਮੂਹ ਅਖਤਿਆਰਾਂ ਦੀ ਵਰਤੋਂ ਕਰਦੇ ਹੋਏ ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ ਨਗਰ ਕੌਂਸਲ, ਉੜਮੁੜ ਟਾਂਡਾ ਨੂੰ ਵਾਰਡਾਂ ਵਿੱਚ ਵੰਡਣ ਅਤੇ ਅਜਿਹੇ ਹਰ ਇਕ ਵਾਰਡ ਵਿਚੋਂ ਚੁਣੇ ਜਾਣ ਲਈ ਨੁਮਾਇੰਦਿਆਂ ਦੀ ਗਿਣਤੀ ਨਿਸਚਿਤ ਕਰਨ ਲਈ ਹੇਠ ਲਿਖੇ ਨਿਯਮ ਬਣਾਉਂਦੇ ਹਨ:-

**ਨਿਯਮਾਂ ਦਾ ਖਰੜਾ**

ਨਗਰ ਕੌਂਸਲ, ਉੜਮੁੜ ਟਾਂਡਾ ਜਿਲ੍ਹਾ ਹੁਸ਼ਿਆਰਪੁਰ ਨਗਰ ਦੇ ਨਗਰ ਪਾਲਾ ਦੀ ਚੋਣ ਦੇ ਮਕਸਦ ਲਈ ਨਗਰ ਕੌਂਸਲ, ਉੜਮੁੜ ਟਾਂਡਾ ਨੂੰ 15 ਵਾਰਡਾਂ ਵਿਚ ਵੰਡਿਆ ਜਾਵੇਗਾ ਜਿਨ੍ਹਾਂ ਪਿੱਛੇ 11 ਵਾਰਡ, ਜਿਨ੍ਹਾਂ ਦੇ ਪਿੱਛੇ ਬਰੈਕਟਾਂ ਅਤੇ ਸਬਦਾਂ ਵਿਚ:-

1. ਅਨੁਸੂਚਿਤ ਜਾਤੀਆ ਦੇ ਮੈਂਬਰਾ ਲਈ ਰਾਖਵਾਂ:
2. ਇਸਤਰੀ ਮੈਂਬਰਾਂ ਲਈ ਰਾਖਵਾਂ:
3. ਅਨੁਸੂਚਿਤ ਜਾਤੀਆਂ ਦੀਆਂ ਇਸਤਰੀ ਮੈਂਬਰਾ ਲਈ ਰਾਖਵਾਂ ਅਤੇ
4. ਪੱਛੜੀ ਸ੍ਰੇਣੀਆਂ ਦੇ ਮੈਂਬਰਾ ਲਈ ਰਾਖਵਾ,

ਲਿਖਿਆ ਹੋਵੇਗਾ ਕਿ ਉਹ ਵਾਰਡ ਉਨ੍ਹਾਂ ਕੈਟਾਗਰੀਆਂ ਨਾਲ ਸਬੰਧਤ ਮੈਂਬਰਾਂ ਲਈ ਰਾਖਵੇ ਹੋਣਗੇ। ਵਾਰਡਾਂ ਦੀਆਂ ਹੱਦਾਂ ਦਾ ਵਰਨਣ ਨਾਲ ਲਗਾਈ ਅਨੁਸੂਚੀ ਵਿਚ ਕੀਤਾ ਜਾਂਦਾ ਹੈ।

## ਨਗਰ ਕੌਂਸਲ, ਉੜਮੁੜ ਟਾਂਡਾ ਜਿਲ੍ਹਾ ਹੁਸ਼ਿਆਰਪੁਰ ਨਗਰ ਦੇ ਵਾਰਡਾਂ ਦੀਆਂ ਹੱਦਾਂ ਦਾ ਵਰਨਣ ਦੱਸਦੀ ਅਨੁਸੂਚੀ

**ਵਾਰਡ ਨੰਬਰ - 1 (ਇਸਤਰੀ ਮੈਂਬਰਾਂ ਲਈ ਰਾਖਵਾ)**

ਨਗਰ ਕੌਂਸਲ ਦੀ ਪੱਛਮੀ ਹੱਦ ਅਤੇ ਨਗਰ ਕੌਂਸਲ ਦੀ ਉੱਤਰੀ ਹੱਦ ਦੇ ਮਿਲਣ ਦੇ ਸਥਾਨ ਤੋਂ ਅਰੰਭ ਕਰਕੇ ਉੱਤਰੀ ਹੱਦ ਨਾਲ ਚੱਲਦੇ ਹੋਏ ਗਲੀ ਰਗੁਨਾਥ ਮੰਦਿਰ ਦੇ ਮਿਲਣ ਦੇ ਸਥਾਨ ਤੋਂ ਅਰੰਭ ਕਰਕੇ ਗਲੀ ਰਗੁਨਾਥ ਮੰਦਰ ਨਾਲ ਚੱਲਦੇ ਹੋਏ ਗਲੀ ਸਰਕਾਰੀ ਜੀ.ਜੀ.ਐੱਸ ਸਕੂਲ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਮਾਸ਼ਟਰ ਕਪਿਲਾ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਸਾਹਮਣੇ ਗਲੀ ਸ਼ਮਸ਼ਾਨ ਘਾਟ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਸਾਹਮਣੇ ਸ਼੍ਰੀ ਹਰਗੋਬਿੰਦਪੁਰ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਨਗਰ ਕੌਂਸਲ ਦੀ ਪੱਛਮੀ ਹੱਦ ਤੀਕ, ਅਰਥਾਤ ਜਿੱਥੋ ਅਰੰਭ ਕੀਤਾ ਸੀ।

**ਵਾਰਡ ਨੰਬਰ - 2 (ਅਨੁਸੂਚਿਤ ਜਾਤੀਆ ਦੇ ਮੈਂਬਰਾ ਲਈ ਰਾਖਵਾ)**

ਨਗਰ ਕੌਂਸਲ ਦੀ ਪੱਛਮੀ ਹੱਦ ਅਤੇ ਨਗਰ ਕੌਂਸਲ ਦੀ ਉੱਤਰੀ ਹੱਦ ਦੇ ਮਿਲਣ ਦੇ ਸਥਾਨ ਤੋਂ ਅਰੰਭ ਕਰਕੇ ਉੱਤਰੀ ਹੱਦ ਨਾਲ ਚੱਲਦੇ ਹੋਏ ਗਲੀ ਮਾਡਲ ਟਾਊਨ ਤੀਕ,ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਪ੍ਰਾਇਮਰੀ ਸਕੂਲ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਨਗਰ ਕੌਂਸਲ ਦੀ ਪੱਛਮੀ ਹੱਦ ਤੀਕ, ਅਰਥਾਤ ਜਿੱਥੋ ਅਰੰਭ ਕੀਤਾ ਸੀ।

**ਵਾਰਡ ਨੰਬਰ - 3 (ਅਨੁਸੂਚਿਤ ਜਾਤੀਆ ਦੀਆਂ ਇਸਤਰੀ ਮੈਬਰਾ ਲਈ ਰਾਖਵਾ)**

ਗਲੀ ਸ਼ਮਸ਼ਾਨ ਘਾਟ ਰੋਡ ਅਤੇ ਗਲੀ ਮਾਸ਼ਟਰ ਕਪਿਲਾ ਦੇ ਮਿਲਣ ਦੇ ਸਥਾਨ ਤੋਂ ਅਰੰਭ ਕਰਕੇ ਗਲੀ ਕਪਿਲਾ ਨਾਲ ਚੱਲਦੇ ਹੋਏ ਮੇਂਨ ਬਜ਼ਾਰ ਉੜਮੁੜ ਨੂੰ ਪਾਰ ਕਰਦੇ ਹੋਏ ਗਲੀ ਐੱਮ.ਸੀ.ਜੋਲੀ ਮਾਡਲ ਸਕੂਲ ਤੀਕ, ਫਿਰ ਉਕਤ ਗਲੀ ਚਲਦੇ ਹੋਏ ਗਲੀ ਬੇਅੰਤ ਕੌਰ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਗੁਰਬਚਨ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਤੇਲੀਆਂ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਸਰਕਾਰੀ ਸਕੂਲ ਕੁੜੀਆ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਰਾਜੂ ਦੀ ਚੱਕੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਪੁੱਲੀ ਭਗਵਾਨ ਸਿੰਘ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਜਸਵਿੰਦਰ ਸਿੰਘ ਤੀਕ,ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਸ਼ਮਸ਼ਾਨ ਘਾਟ ਵਾਲੀ ਤੀਕ,ਅਰਥਾਤ ਜਿਥੋਂ ਅਰੰਭ ਕੀਤਾ ਸੀ।

**ਵਾਰਡ ਨੰਬਰ - 4**

ਗਲੀ ਰਾਜੂ ਦੀ ਚੱਕੀ ਅਤੇ ਗਲੀ ਸਰਕਾਰੀ ਸਕੂਲ ਦੇ ਮਿਲਣ ਦੇ ਸਥਾਨ ਤੋਂ ਅਰੰਭ ਕਰਕੇ ਗਲੀ ਸਰਕਾਰੀ ਸਕੂਲ ਨਾਲ ਚਲਦੇ ਹੋਏ ਗਲੀ ਤੇਲੀਆਂ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਜੈਨ ਮੰਦਰ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਪਿੱਪਲਾਂ ਵਾਲਾ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਸਮਾਧ ਬਾਬਾ ਹਰਗੋਬਿੰਦ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਜੰਜ ਘਰ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਗੁਰੁਦੁਆਰਾ ਸਾਹਿਬ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਮੇਂਨ ਬਜ਼ਾਰ ਤੀਕ,ਫਿਰ ਉਕਤ ਬਜ਼ਾਰ ਨਾਲ ਚੱਲਦੇ ਹੋਏ ਥਾਂਣਾ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ (ਰੇਲਵੇ ਫਲਾਈ ਓਵਰ) ਮਹਾਂਦੇਵ ਮੰਦਰ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਸਾਹਮਣੇ ਗਲੀ ਪੁਲੀ ਭਗਵਾਨ ਸਿੰਘ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਰਾਜੂ ਦੀ ਚੱਕੀ ਤੀਕ, ਅਰਥਾਤ ਜਿੱਥੋ ਅਰੰਭ ਕੀਤਾ ਸੀ।

**ਵਾਰਡ ਨੰਬਰ - 5 (ਇਸਤਰੀ ਮੈਂਬਰਾਂ ਲਈ ਰਾਖਵਾ)**

ਗਲੀ ਤੇਲੀਆਂ ਅਤੇ ਮੇਨ ਬਜ਼ਾਰ ਉੜਮੁੜ ਦੇ ਮਿਲਣ ਦੇ ਸਥਾਨ ਤੋਂ ਅਰੰਭ ਕਰਕੇ ਮੇਨ ਬਜ਼ਾਰ ਉੜਮੁੜ ਨਾਲ ਚੱਲਦੇ ਹੋਏ ਗਲੀ ਗੁਰੁਦੁਆਰਾ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਜੰਜ ਘਰ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਸਮਾਧ ਬਾਬਾ ਹਰਗੋਬਿੰਦ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਮੁਹੱਲਾਂ ਪਿੱਪਲਾਂ ਵਾਲਾ ਤੀਕ, ਫਿਰ ਉਕਤ ਗਲੀ

ਨਾਲ ਚੱਲਦੇ ਹੋਏ ਗਲੀ ਜੈਨ ਮੰਦਰ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਤੇਲੀਆਂ ਵਾਲੀ ਤੀਕ, ਅਰਥਾਤ ਜਿੱਥੋ ਅਰੰਭ ਕੀਤਾ ਸੀ।

**ਵਾਰਡ ਨੰਬਰ- 6 (ਅਨੁਸੂਚਿਤ ਜਾਤੀਆਂ ਦੇ ਮੈਬਰਾ ਲਈ ਰਾਖਵਾ)**

ਗਲੀ ਮਾਡਲ ਟਾਊਨ ਅਤੇ ਨਗਰ ਕੌਂਸਲ ਦੇ ਉੱਤਰੀ ਹੱਦ ਦੇ ਮਿਲਣ ਦੇ ਸਥਾਨ ਤੋਂ ਅਰੰਭ ਕਰਕੇ ਨਗਰ ਕੌਂਸਲ ਦੀ ਉੱਤਰੀ ਹੱਦ ਨਾਲ ਚੱਲਦੇ ਹੋਏ ਪਠਾਨਕੋਟ ਰੇਲਵੇ ਲਾਈਨ ਤੀਕ, ਫਿਰ ਉਕਤ ਲਾਈਨ ਨਾਲ ਚੱਲਦੇ ਹੋਏ ਮੇਨ ਬਜ਼ਾਰ ਉੜਮੁੜ ਤੀਕ, ਫਿਰ ਉਕਤ ਬਜ਼ਾਰ ਨਾਲ ਚੱਲਦੇ ਹੋਏ ਗਲੀ ਗੁਰਬਚਨ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਬੇਅੰਤ ਰੌਰ ਤੀਕ,ਫਿਰ ਉਕਤ ਗਲੀ ਨਾਲ ਚੱਲਦੇ ਹੋਏ ਸਾਹਮਣੇ ਗਲੀ ਮਾਡਲ ਟਾਊਨ ਤੀਕ, ਅਰਥਾਤ ਜਿੱਥੋ ਅਰੰਭ ਕੀਤਾ ਸੀ।

**ਵਾਰਡ ਨੰਬਰ -7 (ਇਸਤਰੀ ਮੈਂਬਰ ਲਈ ਰਾਖਵਾ)**

ਨਗਰ ਕੌਂਸਲ ਦੀ ਉੱਤਰੀ ਹੱਦ ਅਤੇ ਨਗਰ ਕੌਂਸਲ ਦੀ ਪੂਰਵੀ ਹੱਦ ਦੇ ਮਿਲਣ ਦੇ ਸਥਾਨ ਤੋਂ ਅਰੰਭ ਕਰਕੇ ਨਗਰ ਕੌਂਸਲ ਦੀ ਪੂਰਵੀ ਹੱਦ ਨਾਲ ਚੱਲਦੇ ਹੋਏ ਗੜ੍ਹਦੀਵਾਲਾ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਜਲੰਧਰ ਜੰਮੂ ਰੋਡ ਤੀਕ,ਫਿਰ ਉਕਤ ਰੋਡ ਨਾਲ ਚਲਦੇ ਹੋਏ ਗਲੀ ਡੇਰਾ ਬਾਬਾ ਬਲਵੰਤ ਸਿੰਘ ਚੈਰੀਟੇਬਲ ਹਸਪਤਾਲ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਥਾਂਣਾ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਪਠਾਨਕੋਟ ਰੇਲਵੇ ਲਾਈਨ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਨਗਰ ਕੌਂਸਲ ਦੀ ਉੱਤਰੀ ਹੱਦ ਤੀਕ, ਅਰਥਾਤ ਜਿੱਥੋ ਅਰੰਭ ਕੀਤਾ ਸੀ।

**ਵਾਰਡ ਨੰਬਰ - 8**

ਗੜ੍ਹਦੀਵਾਲਾ ਰੋਡ ਅਤੇ ਨਗਰ ਕੌਂਸਲ ਦੀ ਪੂਰਵੀ ਹੱਦ ਦੇ ਮਿਲਣ ਦੇ ਸਥਾਨ ਤੋ ਅਰੰਭ ਕਰਕੇ ਨਗਰ ਕੌਂਸਲ ਦੀ ਪੂਰਵੀ ਹੱਦ ਨਾਲ ਚੱਲਦੇ ਹੋਏ ਢੋਲਵਾਹਾ ਰੋਡ (ਜਾਜਾ ਚੌਂਕ) ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਜਲੰਧਰ ਜੰਮੂ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਗਲੀ ਸ਼ੋਸ਼ਲ ਬਰਿਸਟੋ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਸ਼ਨੀ ਮੰਦਿਰ ਤੀਕ, ਫਿਰ ਉਕਤ ਗਲੀ ਚੱਲਦੇ ਹੋਏ ਗਾਂਧੀ ਜਨਰਲ ਸਟੋਰ ਥਾਂਣਾ ਰੋਡ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਗਲੀ ਡੇਰਾ ਬਾਬਾ ਬਲਵੰਤ ਸਿੰਘ ਚੈਰੀਟੇਬਲ ਹਸਪਤਾਲ ਤੀਕ,ਫਿਰ ਉਕਤ ਗਲੀ ਨਾਲ ਚੱਲਦੇ ਹੋਏ ਜਲੰਧਰ ਜੰਮੂ ਰੋਡ ਤੀਕ,ਫਿਰ ਉਕਤ ਰੋਡ ਨਾਲ ਚੱਲਦੇ ਹੋਏ ਗੜ੍ਹਦੀਵਾਲਾ ਰੋਡ ਤੀਕ,ਅਰਥਾਤ ਜਿੱਥੋ ਅਰੰਭ ਕੀਤਾ ਸੀ।

**ਵਾਡਰ ਨੰਬਰ - 9 (ਅਨੁਸੂਚਿਤ ਜਾਤੀਆ ਦੀਆਂ ਇਸਤਰੀ ਮੈਂਬਰਾ ਲਈ ਰਾਖਵਾ)**

ਥਾਂਣਾ ਰੋਡ ਅਤੇ ਗਲੀ ਸ਼ਨੀ ਮੰਦਿਰ ਦੇ ਮਿਲਣ ਦੇ ਸਥਾਨ ਤੋਂ ਅਰੰਭ ਕਰਕੇ ਗਲੀ ਸ਼ਨੀ ਮੰਦਿਰ ਨਾਲ ਚਲਦੇ ਹੋਏ ਗਲੀ ਸ਼ੋਸ਼ਲ ਬਰਿਸਟੋ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਜਲੰਧਰ ਜੰਮੂ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਜਾਜਾ ਚੋਕ ਤੀਕ, ਫਿਰ ਉਕਤ ਜਾਜਾ ਚੋਕ ਅਤੇ ਰੇਲਵੇ ਫਲਾਈ ਉਵਰ ਨਾਲ ਚੱਲਦੇ ਹੋਏ ਜਲੰਧਰ ਰੇਲਵੇ ਲਾਈਨ ਤੀਕ, ਫਿਰ ਉਕਤ ਰੇਲਵੇ ਲਾਈਨ ਨਾਲ ਚੱਲਦੇ ਹੋਏ ਗਲੀ ਡੰਪ ਸਾਈਟ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਥਾਂਣਾ ਰੋਡ ਤੀਕ,ਫਿਰ ਉਕਤ ਰੋਡ ਨਾਲ ਚੱਲਦੇ ਹੋਏ ਸਿਨੇਮਾ ਰੋਡ (ਬੱਸ ਸਟੈਂਡ) ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਰੇਲਵੇ ਫਲਾਈ ਉਵਰ ਤੀਕ, ਫਿਰ ਉਕਤ ਫਲਾਈ ਉਵਰ ਨਾਲ ਚੱਲਦੇ ਹੋਏ ਥਾਂਣਾ ਡੋਰ ਤੀਕ, ਅਰਥਾਤ ਜਿੱਥੋ ਅਰੰਭ ਕੀਤਾ ਸੀ।

**ਵਾਰਡ ਨੰਬਰ - 10**

ਢੋਲਵਾਹਾ ਰੋਡ ਅਤੇ ਨਗਰ ਕੌਂਸਲ ਦੀ ਪੂਰਵੀ ਹੱਦ ਦੇ ਮਿਲਣ ਦੇ ਸਥਾਨ ਤੋਂ ਅਰੰਭ ਕਰਕੇ ਨਗਰ ਕੌਂਸਲ ਦੀ ਪੂਰਵੀ ਹੱਦ ਨਾਲ ਚੱਲਦੇ ਹੋਏ (ਜਲੰਧਰ ਜੰਮੂ) ਰੋਡ ਨੂੰ ਪਾਰ ਕਰਦੇ ਹੋਏ ਨਗਰ ਕੌਂਸਲ ਦੀ ਦੱਖਣੀ ਹੱਦ ਤੀਕ, ਫਿਰ ਉਕਤ ਹੱਦ ਨਾਲ

ਚੱਲਦੇ ਹੋਏ ਪਠਾਨਕੋਟ ਰੇਲਵੇ ਲਾਈਨ ਤੀਕ, ਉਕਤ ਰੇਲਵੇ ਲਾਈਨ ਨਾਲ ਚੱਲਦੇ ਹੋਏ ਰੇਲਵੇ ਫਲਾਈ ਉਵਰ ਤੀਕ, ਫਿਰ ਫਲਾਈ ਉਵਰ ਨਾਲ ਚੱਲਦੇ ਹੋਏ ਢੋਲਵਾਹਾ ਰੋਡ ਤੀਕ, ਅਰਥਾਤ ਜਿੱਥੋ ਅਰੰਭ ਕੀਤਾ ਸੀ।

**ਵਾਰਡ ਨੰਬਰ – 11 (ਪੱਛੜੀਆ ਸ਼੍ਰੇਣੀਆ ਦੇ ਮੈਂਬਰਾ ਲਈ ਰਾਖਵਾ)**

ਗਲੀ ਅਬੀ ਕੁਮਾਰ ਅਤੇ ਗਲੀ ਹਰਮੈਟਿਕ ਇੰਡਸਟਰੀ ਦੇ ਮਿਲਣ ਦੇ ਸਥਾਨ ਤੋਂ ਅਰੰਭ ਕਰਕੇ ਗਲੀ ਹਰਮੈਟਿਕ ਇੰਡਸਟਰੀ ਨਾਲ ਮਿਲ ਕੇ ਗਲੀ ਰਾਮਗੜ੍ਹੀਆਂ ਲੱਗਰ ਹਾਲ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਅਸ਼ੋਂਕ ਕੁਮਾਰ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਬਾਲਮੀਕ ਗੇਟ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਥਾਂਣਾ ਰੋਡ ਨੂੰ ਪਾਰ ਕਰਦੇ ਹੋਏ ਗਲੀ ਡੰਪ ਸਾਈਟ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਜਲੰਧਰ ਰੇਲਵੇ ਲਾਈਨ ਤੀਕ, ਫਿਰ ਉਕਤ ਰੇਲਵੇ ਲਾਈਨ ਨਾਲ ਚੱਲਦੇ ਹੋਏ ਨਗਰ ਕੌਂਸਲ ਦੀ ਦੱਖਣੀ ਹੱਦ ਤੀਕ, ਫਿਰ ਉਕਤ ਹੱਦ ਨਾਲ ਚੱਲਦੇ ਹੋਏ ਗਲੀ ਮੱਖਣ ਸਿੰਘ ਤੀਕ, ਫਿਰ ਉਕਤ ਹੱਦ ਨਾਲ ਚੱਲਦੇ ਹੋਏ ਗਲੀ ਅਬੀ ਕੁਮਾਰ ਤੀਕ, ਅਰਥਾਤ ਜਿੱਥੋ ਅਰੰਭ ਕੀਤਾ ਸੀ।

**ਵਾਰਡ ਨੰਬਰ – 12**

ਗਲੀ ਡਾਕਟਰ ਰਣਜੀਤ ਸਿੰਘ ਅਤੇ ਗਲੀ ਸੰਨ ਸ਼ਾਈਨ ਦੇ ਮਿਲਣ ਦੇ ਸਥਾਨ ਤੋਂ ਅਰੰਭ ਕਰਕੇ ਗਲੀ ਸੰਨ ਸ਼ਾਈਨ ਨਾਲ ਚੱਲਦੇ ਹੋਏ ਗਲੀ ਬੂਟਾ ਸਿੰਘ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਥਾਂਣਾ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਗਲੀ ਜੈਨ ਰਾਈਸ ਮਿੱਲ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਅਜੀਤ ਸਿੰਘ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਪ੍ਰਕਾਸ਼ ਵਾਲੀ ਤੀਕ,ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਬੋਹੜ ਵਾਲਾ ਚੌਂਕ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਦਲੇਰ ਸਿੰਘ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਸ਼ਨੀ ਮੰਦਿਰ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਪਸਵਾਲਾ ਵਾਲੇ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਡਾਕਟਰ ਰਣਜੀਤ ਸਿੰਘ ਤੀਕ, ਅਰਥਾਤ ਜਿੱਥੋ ਅਰੰਭ ਕੀਤਾ ਸੀ।

**ਵਾਰਡ ਨੰਬਰ – 13 (ਇਸਤਰੀ ਮੈਬਰਾਂ ਲਈ ਰਾਖਵਾ)**

ਸੱਲ੍ਹਾਂ ਰੋਡ ਅਤੇ ਗਲੀ ਸਤਨਾਮ ਕੌਰ ਦੇ ਮਿਲਣ ਦੇ ਸਥਾਨ ਤੋਂ ਅਰੰਭ ਕਰਕੇ ਗਲੀ ਸਤਨਾਮ ਕੌਰ ਨਾਲ ਚੱਲਦੇ ਹੋਏ ਗਲੀ ਸਮਾਧ ਬਾਬਾ ਮਧੀ ਸ਼ਾਹ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਰਜੇਸ਼ ਟੇਲਰ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਸੋਢੀ ਮਾਸਟਰ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਸ਼ਾਹੀ ਗੁਰੂਦੁਆਰਾ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਗੁਰੂਦਆਰਾ ਬੀਬੀਆਂ ਵਾਲੇ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਤੁੱਲੀ ਐਸ.ਟੀ.ਡੀ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਪ੍ਰਕਾਸ਼ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਅਜੀਤ ਸਿੰਘ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਬਾਲਮੀਕ ਗੇਟ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਆਸ਼ਾ ਰਾਣੀ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਰਾਮਗੜ੍ਹੀਆਂ ਲੰਗਰ ਹਾਲ ਤੀਕ, ਉਕਤ ਗਲੀ ਨਾਲ ਚੱਲਦੇ ਹੋਏ ਗਲੀ ਹਰਮੈਟਿਕ ਇੰਡਸਟਰੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਅਬੀ ਕੁਮਾਰ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਮੱਖਣ ਸਿੰਘ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਨਗਰ ਕੌਂਸਲ ਦੀ ਦੱਖਣੀ ਹੱਦ ਤੀਕ,ਫਿਰ ਉਕਤ ਹੱਦ ਨਾਲ ਚੱਲਦੇ ਹੋਏ ਨਗਰ ਕੌਂਸਲ ਦੀ ਪੱਛਮ ਹੱਦ ਤੀਕ, ਫਿਰ ਉਕਤ ਹੱਦ ਨਾਲ ਚੱਲਦੇ ਹੋਏ ਸੱਲ੍ਹਾਂ ਰੋਡ ਤੀਕ, ਅਰਥਾਤ ਜਿੱਥੋ ਅਰੰਭ ਕੀਤਾ ਸੀ।

**ਵਾਰਡ ਨੰਬਰ – 14 (ਅਨੁਸੂਚਿਤ ਜਾਤੀਆ ਦੇ ਮੈਂਬਰਾ ਲਈ ਰਾਖਵਾ)**

ਸ੍ਰੀ ਹਰਗੋਬਿੰਦਪੁਰ ਰੋਡ ਅਤੇ ਗਲੀ ਲੱਖੀ ਸਿਨੇਮਾ ਦੇ ਮਿਲਣ ਦੇ ਸਥਾਨ ਤੋਂ ਅਰੰਭ ਕਰਕੇ ਗਲੀ ਲੱਖੀ ਸਿਨੇਮਾ ਨਾਲ ਚੱਲਦੇ ਗਲੀ ਅਨਿਲ ਕੁਮਾਰ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਉਮਾ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਪ੍ਰਿੰਸੀਪਲ ਹਰਬੰਸ ਸਿੰਘ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਬਲਵਿੰਦਰ ਸਿੰਘ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਐਕਸ ਐਮ.ਸੀ ਭਗਤ ਰਾਮ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਸਾਹਮਣੇ ਗਲੀ ਬੋਹੜ ਨਾਲਾ ਚੌਂਕ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਦਰਸ਼ਨ ਸਿੰਘ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਗੁਰੂਦੁਆਰਾ ਬੀਬੀਆਂ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਸ਼ਾਹੀ ਗੁਰੂਦੁਆਰਾ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਸੋਢੀ ਮਾਸਟਰ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਰਜੇਸ਼ ਟੇਲਰ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਗਲੀ ਸਮਾਧ ਬਾਬਾ ਮੰਧੀ ਸ਼ਾਹ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਗਲੀ ਸਤਨਾਮ ਕੌਰ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਸੱਲ੍ਹਾਂ ਰੋਡ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਨਗਰ ਕੌਂਸਲ ਦੀ ਪੱਛਮੀ ਹੱਦ ਤੀਕ, ਫਿਰ ਉਕਤ ਹੱਦ ਨਾਲ ਚੱਲਦੇ ਹੋਏ ਸ੍ਰੀ ਹਰਗੋਬਿੰਦਪੁਰ ਰੋਡ ਤੀਕ, ਅਰਥਾਤ ਜਿੱਥੋ ਅਰੰਭ ਕੀਤਾ ਸੀ।

**ਵਾਰਡ ਨੰਬਰ – 15 (ਇਸਤਰੀ ਮੈਬਰਾਂ ਲਈ ਰਾਖਵਾ)**

ਸ੍ਰੀ ਹਰਗੋਬਿੰਦਪੁਰ ਰੋਡ ਅਤੇ ਗਲੀ ਸ਼ਮਸ਼ਾਨ ਘਾਟ ਦੇ ਮਿਲਣ ਦੇ ਸਥਾਨ ਤੋ ਅਰੰਭ ਕਰਕੇ ਗਲੀ ਸ਼ਮਸ਼ਾਨ ਘਾਟ ਨਾਲ ਚਲਦੇ ਹੋਏ ਗਲੀ ਪੁੱਲੀ ਭਗਵਾਨ ਸਿੰਘ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਮਹਾਂਦੇਵ ਮੰਦਰ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਕੌਸਲ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਸਿਨੇਮਾ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਥਾਂਣਾ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਗਲੀ ਸੁਰਿੰਦਰ ਮੈਡੀਕਲ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਬੂਟਾ ਸਿੰਘ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਸੰਨ ਸਾਈਨ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਡਾਕਟਰ ਰਣਜੀਤ ਸਿੰਘ ਤੀਕ,ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਸ਼ਨੀ ਮੰਦਰ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਦਲੇਰ ਸਿੰਘ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਬੋਹੜ ਵਾਲਾ ਚੋਕ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਐਕਸ ਐਮ.ਸੀ ਭਗਤ ਰਾਮ ਤੀਕ,ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਬਲਵਿੰਦਰ ਸਿੰਘ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਉਮਾ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਅਨਿਲ ਕੁਮਾਰ ਤੀਕ,ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਲੱਖੀ ਸਿਨੇਮਾ ਤੀਕ, ਫਿਰ ਉਕਤ ਗਲੀ ਨਾਲ ਚੱਲਦੀ ਹੋਈ ਸ੍ਰੀ ਹਰਗੋਬਿੰਦਪੁਰ ਰੋਡ ਤੀਕ, ਅਰਥਾਤ ਜਿੱਥੋ ਅਰੰਭ ਕੀਤਾ ਸੀ।

ਸਹੀ/–

**ਮਨਜੀਤ ਸਿੰਘ ਬਰਾੜ, ਆਈ. ਏ.ਐਸ,**

ਸਕੱਤਰ, ਪੰਜਾਬ ਸਰਕਾਰ

ਮਿਤੀ 31 ਦਸੰਬਰ, 2025

ਸਥਾਨਕ ਸਰਕਾਰ ਵਿਭਾਗ

*3598/12-2025/Pb.Govt.Press,S.A.S.Nagar*